Carabram ਵਿੱਚ ਤੁਹਾਡਾ ਸੁਆਗਤ ਹੈ

ਸਾਡੇ ਸਾਰੇ Carabram ਵਿਜ਼ਿਟਰਾਂ, ਵਾਪਸ ਆਉਣ ਵਾਲਿਆਂ ਅਤੇ ਪਹਿਲੀ ਵਾਰ ਆਉਣ ਵਾਲਿਆਂ ਦਾ ਸੁਆਗਤ ਹੈ। ਇੱਥੇ Carabram ਵਿਖੇ ਹਰਕਿਸੇ ਨੇ ਤੁਹਾਨੂੰ ਇਸ ਖ਼ਾਸ ਪਰਿਵਾਰਕ ਸਮਾਰੋਹ ਵਿੱਚ ਲਿਆਉਣ ਲਈ ਸਖ਼ਤ ਮਿਹਨਤ ਕੀਤੀ ਹੈ ਜਿਸ ਬਾਰੇ ਅਸੀਂ ਉਮੀਦ ਕਰਦੇ ਹਾਂ ਕਿ ਕੈਨੇਡੀਅਨ ਬਹੁ-ਸੱਭਿਆਚਾਰਵਾਦ ਦੀ ਸ਼ਾਨ ਆਪਣੇ ਵਧੀਆ ਪ੍ਰਦਰਸ਼ਨ ਨਾਲ ਤੁਹਾਨੂੰ ਪ੍ਰਭਾਵਿਤ ਕਰੇਗਾ ਅਤੇ ਤੁਸੀਂ ਸਾਡੇ ਮਹਾਨ ਰਾਸ਼ਟਰ ਦੀ ਸੁੰਦਰਤਾ ਨੂੰ ਅਪਣਾਉਗੇ ਅਤੇ ਇਸ ਦਾ ਆਨੰਦ ਮਾਣੋਗੇ। **ਕੈਨੇਡਾ ਸਾਡੇ ਸਾਰਿਆਂ ਤੋਂ ਮਿਲ ਕੇ ਬਣਿਆ ਹੈ!**

ਸੁਰੱਖਿਅਤ ਰਹੋ, ਤੰਦਰੁਸਤ ਰਹੋ ਅਤੇ ਆਨੰਦ ਮਾਣੋ। **ਸਾਡੇ ਵਾਪਸ ਆਉਣ ਵਾਲੇ ਵਿਜ਼ਿਟਰਾਂ ਵਾਸਤੇ, ਅਸੀਂ ਤੁਹਾਡੀ ਨਿਰੰਤਰ ਸਹਾਇਤਾ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਸਾਡੇ ਪਹਿਲੀ ਵਾਰ ਆਉਣ ਵਾਲੇ ਵਿਜ਼ਿਟਰਾਂ ਲਈ, ਅਸੀਂ ਤੁਹਾਡਾ ਤਹਿ ਦਿਲੋਂ ਸੁਆਗਤ ਕਰਦੇ ਹਾਂ।**

ਸਾਡੇ ਨਾਲ ਜੁਲਾਈ ਦੇ ਦੂਜੇ ਵੀਕਐਂਡ (ਹਫ਼ਤੇ ਦਾ ਅੰਤਲਾ ਦਿਨ) ਵਿੱਚ ਜੁੜੋ ਅਤੇ ਤਿੰਨ ਦਿਨਾਂ ਵਿੱਚ ਵਿਸ਼ਵ ਦਾ ਅਨੁਭਵ ਕਰੋ।

Carabram ਇੱਕ ਸਲਾਨਾ ਬਹੁ-ਸੱਭਿਆਚਾਰਕ ਤਿਉਹਾਰ ਹੈ ਜੋ ਭੋਜਨ, ਮਨੋਰੰਜਨ ਅਤੇ ਸਿੱਖਿਆ ਦੇ ਦੁਆਰਾ ਸਮੁੱਚੇ ਬ੍ਰੈਂਪਟਨ ਦੇ ਸੱਭਿਆਚਾਰਾਂ ਨੂੰ ਇਕੱਠੇ ਕਰਦਾ ਹੈ। ਇਹ ਤਿਉਹਾਰ ਹਰਸਾਲ ਜੁਲਾਈ ਦੇ ਦੂਜੇ ਵੀਕਐਂਡ ਨੂੰ ਮਨਾਇਆ ਜਾਂਦਾ ਹੈ ਅਤੇ ਗ੍ਰੇਟਰ ਟੋਰਾਂਟੋ ਖੇਤਰ ਤੋਂ ਆਉਣ ਵਾਲੇ ਲੋਕਾਂ ਦਾ ਸੁਆਗਤ ਕਰਦਾ ਹੈ।
ਸਮੁੱਚੇ ਬ੍ਰੈਂਪਟਨ ਦੇ ਸਮਾਗਮ-ਸਥਾਨਾਂ ਨੂੰ ਵਿਸ਼ਵ ਭਰਦੇ ਵੱਖ-ਵੱਖ ਸੱਭਿਆਚਾਰਾਂ ਨੂੰ ਪ੍ਰਦਰਸ਼ਿਤ ਕਰਨ ਲਈ ਪੂਰੀ ਤਰ੍ਹਾਂ ਬਦਲ ਦਿੱਤੇ ਗਏ ਹਨ। Carabram ਵਿੱਚ ਆਉਣ ਵਾਲੇ ਵਿਜ਼ਿਟਰਾਂ ਕੋਲ ਅਸਲੀ ਪਕਵਾਨਾਂ ਦੇ ਨਾਲ-ਨਾਲ, ਪਰੰਪਰਾਗਤ ਨਾਚ, ਸੰਗੀਤ ਅਤੇ ਮਨੋਰੰਜਨ ਦੇ ਰਾਹੀਂ, ਇਹਨਾਂ ਸੱਭਿਆਚਾਰਾਂ ਨੂੰ ਦੇਖਣ ਦਾ ਮੌਕਾ ਹੁੰਦਾ ਹੈ। ਵਿਜ਼ਿਟਰਾਂ ਨੂੰ ਪੂਰਨ ਅਨੁਭਵ ਕਰਵਾਉਣ ਲਈ ਹਰ ਪਵਿਲਿਅਨ, ਸੱਭਿਆਚਾਰਕ ਪ੍ਰਦਰਸ਼ਨਾਂ ਅਤੇ ਸ਼ਿਲਪਕ੍ਰਿਤੀਆਂ ਨਾਲ ਵੀ ਲੈਸ ਹੈ ਜੋ ਹਰੇਕ ਸੱਭਿਆਚਾਰ ਦੇ ਪ੍ਰਤਿਨਿਧੀ ਹਨ।

**ਇਤਿਹਾਸ**

Carabram ਦੀ ਸ਼ੁਰੂਆਤ 1982 ਵਿੱਚ ਬ੍ਰੈਂਪਟਨ ਦੇ ਵਿਭਿੰਨ ਜਾਤੀਆਂ ਦੇ ਭਾਈਚਾਰਿਆਂ ਨਾਲ ਜਸ਼ਨ ਮਨਾਉਣ ਦੇ ਤਰੀਕੇ ਦੇ ਤੌਰ 'ਤੇ ਹੋਈ ਸੀ। ਇਹ ਤਿਉਹਾਰ ਬਹੁ-ਸੱਭਿਆਚਾਰਵਾਦ ਅਤੇ ਵਿਭਿੰਨਤਾ ਦਾ ਸ਼ਹਿਰ ਦਾ ਸਭਤੋਂ ਵੱਡਾ ਉਤਸਵ ਬਣੇਗਾ। Carabram ਨੇ ਸਿਰਫ਼ ਚਾਰ ਪਵਿਲਿਅਨਾਂ ਨਾਲ ਸ਼ੁਰੂਆਤ ਕੀਤੀ

— ਇਟਲੀ, ਯੂਕਰੇਨ, ਸਕੌਟਲੈਂਡ ਅਤੇ ਵੈਸਟ ਇੰਡੀਜ਼। ਹਰ ਪਵਿਲਿਅਨ ਗਾਣੇ, ਨਾਚ, ਵੇਸ-ਭੂਸ਼ਾ, ਪ੍ਰਦਰਸ਼ਨ, ਭੋਜਨ ਅਤੇ ਡ੍ਰਿੰਕ ਰਾਹੀਂ ਉਹਨਾਂ ਦੇ ਸੱਭਿਆਚਾਰਾਂ ਦੀ ਪ੍ਰਤੀਨਿਧਤਾ ਕਰਦਾ ਸੀ।

ਅਗਲੇ ਸਾਲਾਂ ਵਿੱਚ, ਤਿਉਹਾਰ ਨੂੰ ਸ਼ਹਿਰ ਵਿੱਚ ਜਾਤੀਆਂ ਦੀ ਵਿਆਪਕ ਲੜੀ ਦੀ ਪ੍ਰਤੀਨਿਧਤਾ ਕਰਦੇ ਹੋਏ ਹੋਰ ਭਾਈਚਾਰਕ ਸਮੂਹਾਂ ਨੂੰ ਸ਼ਾਮਲ ਕਰਨ ਲਈ ਵਧਾਇਆ ਗਿਆ। ਸਾਲ ਦਰ ਸਾਲ ਇਹ ਭਾਈਚਾਰਕ ਸਮੂਹਾਂ Carabram ਦੇ ਵਧੇਰੇ ਮਜ਼ਬੂਤ ਅੰਤਰ-ਸੱਭਿਆਚਾਰਕ ਰਿਸ਼ਤਿਆਂ ਅਤੇ ਵਿਭਿੰਨਤਾ ਦੀ ਵਧੇਰੇ ਸ਼ਲਾਘਾ ਕਰਨ ਦੇ ਇਸਦੇ ਟੀਚੇ ਦੀ ਪ੍ਰਾਪਤੀ ਵਿੱਚ ਮਦਦ ਕਰਨ ਲਈ ਅਤੇ ਸਾਨੂੰ ਵੱਖ-ਵੱਖ ਸੱਭਿਆਚਾਰਾਂ ਦੇ ਮੂਲ ਅੰਸ਼ ਸੱਚੇ, ਸਜੀਵੀ ਰੂਪ ਵਿੱਚ ਦਿਖਾਉਣ ਵਿੱਚ ਮਦਦ ਕਰਨ ਲਈ ਇਕੱਠੇ ਹੁੰਦੇ ਹਨ।

ਦਹਾਕਿਆਂ ਬਾਅਦ, Carabram ਅਜੇ ਵੀ ਉਸ ਸੱਭਿਆਚਾਰਕ ਵਿਰਾਸਤ ਦੀ ਸੁਰੱਖਿਆ, ਵਿਕਾਸ ਅਤੇ ਵਾਧੇ ਲਈ ਸਮਰਪਿਤ ਹੈ ਜੋ ਅਸੀਂ 1982 ਵਿੱਚ ਸ਼ੁਰੂ ਕੀਤੀ ਸੀ।

Carabram ਪਰਿਵਾਰ ਵਿੱਚ ਨਿਰਦੇਸ਼ਕਾਂ ਦਾ ਬੋਰਡ, ਹਰ ਪਵਿਲਿਅਨ ਦਾ ਪ੍ਰਤਿਨਿਧ ਕਰਨ ਲਈ ਇੱਕ ਪ੍ਰਧਾਨ (ਚੇਅਰਪਰਸਨ) ਅਤੇ ਅਨੇਕਾਂ ਵਲੰਟੀਅਰਾਂ ਸ਼ਾਮਲ ਹਨ ਜੋ ਹਰ ਸਾਲ ਤਿਉਹਾਰ ਨੂੰ ਅਦਭੁਤ ਤਰੀਕੇ ਨਾਲ ਸਫ਼ਲ ਬਣਾਉਣ ਵਿੱਚ ਮਦਦ ਕਰਦੇ ਹਨ।

## ਮਿਸ਼ਨ

Carabram, ਬ੍ਰੈਂਪਟਨ ਦਾ ਬਹੁ-ਸੱਭਿਆਚਾਰਕ ਤਿਉਹਾਰ ਨਾਗਰਿਕਾਂ ਨੂੰ ਨਾ ਕੇਵਲ ਆਪਣੇ ਖੁਦ ਦੇ ਅਮੀਰ ਸੱਭਿਆਚਾਰਾਂ ਦਾ ਜਸ਼ਨ ਮਨਾਉਣ ਲਈ ਪ੍ਰੇਰਿਤ ਕਰਦਾ ਹੈ, ਸਗੋਂ ਇਹ ਹੋਰ ਸੱਭਿਆਚਾਰਾਂ ਦੀ ਸ਼ਲਾਘਾ ਕਰਨ ਅਤੇ ਉਹਨਾਂ ਸੱਭਿਆਚਾਰਾਂ ਬਾਰੇ ਜਾਣਨ ਲਈ ਵੀ ਉਤਸ਼ਾਹਤ ਕਰਦਾ ਹੈ ਜੋ ਸਾਡੇ ਸ਼ਹਿਰ ਦੀ ਵੱਖ-ਵੱਖ ਬਣਤਰ ਵਿੱਚ ਯੋਗਦਾਨ ਪਾਉਂਦੇ ਹਨ।

**ਅਸੀਂ ਇਹਨਾਂ ਲਈ ਅਣਥੱਕ ਯਤਨ ਕਰਦੇ ਹਾਂ:**

- ✓ ਬ੍ਰੈਂਪਟਨ ਦੀ ਬਹੁ-ਸੱਭਿਆਚਾਰਕ ਪ੍ਰਕਿਰਿਤੀ ਲਈ ਸਮਝ ਅਤੇ ਕਦਰ ਨੂੰ ਵਧਾਉਣਾ
- ✓ ਮਜ਼ੇਦਾਰ ਅਤੇ ਸਮਾਵੇਸ਼ੀ ਫੋਰਮ ਪ੍ਰਦਾਨ ਕਰਨਾ ਜੋ ਵਿਅਕਤੀਗਤ ਸੱਭਿਆਚਾਰਾਂ ਨੂੰ ਦਰਸਾਉਂਦੀ ਹੈ
- ✓ ਹੋਰ ਸੰਸਕ੍ਰਿਤੀਆਂ ਨਾਲ ਸਿੱਖਣ ਅਤੇ ਸੰਵਾਦ ਕਰਨ ਲਈ ਖੁੱਲ੍ਹਾ ਜਨਸਭਾ ਦੇ ਕੇ ਸ਼ਹਿਰ ਵਿੱਚ ਸੱਭਿਆਚਾਰਕ ਰੁਕਾਵਟਾਂ ਨੂੰ ਹਟਾਉਣਾ

ਅਸੀਂ ਇਹ ਯਕੀਨੀ ਬਣਾ ਕੇ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਤਿਉਹਾਰ ਹਰੇਕ ਲਈ ਸੰਮਿਲਨਕਾਰੀ ਹੋਵੇ, ਅਜਿਹੇ ਪ੍ਰੋਗਰਾਮਿੰਗ ਪੇਸ਼ ਕਰੇ ਜੋ ਵਿਭਿੰਨਤਾ ਭਰਪੂਰ ਹੋਣ ਅਤੇ ਸੱਭਿਆਚਾਰਾਂ ਨੂੰ ਇਹਨਾਂ ਦੇ ਅਸਲੀ

ਰੂਪ ਵਿੱਚ ਦਿਖਾਵੇ।